मोबाईल–7589756480
jnvjalandhar66@gmail.com
...हर नवोदय विद्यालय
शिक्षा मंत्रालय, भारत सरकार
... शिक्षा और साक्षरता विभाग भारत सरकार)
तलवंडीमाधो, जालन्धर –144625


Mobile No. Tel : 7589756480
Mail : jnvjalandhar66@gmail.com
JAWAHAR NAVODAYA VIDYALAYA
Ministry of Education,Govt. of India
(Department of School Education & Literacy)
Talwandi Madho, Jalandhar-144625
Chandigarh-160030

### ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਸੈਸ਼ਨ 2024-25 ਲਈ ਜਮਾਤ 9ਵੀਂ ਅਤੇ 11ਵੀਂ ਦੀਆਂ

### ਖਾਲੀ ਸੀਟਾਂ ਦੇ ਦਾਖਲੇ ਲਈ ਦਾਖਲਾ ਨੋਟੀਫਿਕੇਸ਼ਨ

**ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਸੈਸ਼ਨ 2024-25 ਲਈ ਲੇਟਰਲ ਐਂਟਰੀ ਟੈਸਟ ਰਾਹੀਂ 9ਵੀਂ ਅਤੇ 11ਵੀਂ ਜਮਾਤਾਂ ਵਿੱਚ ਖਾਲੀ ਸੀਟਾਂ ਦੇ ਦਾਖਲੇ ਲਈ ਯੋਗ ਉਮੀਦਵਾਰਾਂ ਤੋਂ ਆਨ-ਲਾਈਨ ਬਿਨੈ-ਪੱਤਰ ਮੰਗੇ ਜਾਂਦੇ ਹਨ।**

ਫਾਰਮ ਭਰਨ ਦੀ ਅੰਤਿਮ ਮਿਤੀ: 31.10.2023 | ਚੋਣ ਪ੍ਰੀਖਿਆ ਦੀ ਮਿਤੀ: 10.02.2024



**ਆਮ ਵਿਸ਼ੇਸ਼ਤਾਵਾਂ**

- ਜਮਾਤ 6ਵੀਂ ਤੋਂ 12ਵੀਂ ਤੱਕ ਸਹਿ-ਸਿੱਖਿਆ ਅਤੇ ਪੂਰੀ ਤਰ੍ਹਾਂ ਰਿਹਾਇਸ਼ੀ ਸਕੂਲ। ਸੀ.ਬੀ.ਐਸ.ਈ. ਤੋਂ ਮਾਨਤਾ ਪ੍ਰਾਪਤ।
- ਪੇਂਡੂ ਖੇਤਰਾਂ ਦੇ ਹੋਣਹਾਰ ਬੱਚਿਆਂ ਨੂੰ ਚੰਗੀ ਗੁਣਵੱਤਾ ਵਾਲੀ ਆਧੁਨਿਕ ਸਿੱਖਿਆ।
- ਲੜਕੇ ਅਤੇ ਲੜਕੀਆਂ ਲਈ ਵੱਖਰੇ ਹੋਸਟਲ।
- ਸਥਾਨ-ਆਮ ਤੌਰ ਤੇ ਪੇਂਡੂ ਖੇਤਰਾਂ ਵਿੱਚ ਸਥਿਤ।
- ਭੋਜਨ ਅਤੇ ਰਿਹਾਇਸ਼, ਵਰਦੀ, ਪਾਠ-ਪੁਸਤਕਾਂ, ਸਟੇਸ਼ਨਰੀ ਆਦਿ ਦੀ ਮੁਫਤ ਸਹੂਲਤ।
- ਸਹਿ-ਪਾਠਕ੍ਰਮ ਗਤੀਵਿਧੀਆਂ,ਖੇਡਾਂ ਅਤੇ ਸਪੋਰਟਸ, ਐਨ.ਸੀ.ਸੀ., ਐਨ.ਐਸ.ਐਸ., ਯੋਗਾਂ ਆਦਿ 'ਤੇ ਵਿਸ਼ੇਸ਼ ਧਿਆਨ । ਸਰਬਪੱਖੀ ਸ਼ਖਸੀਅਤ ਦਾ ਵਿਕਾਸ।

**ਪ੍ਰਮੁੱਖ ਵਿਸ਼ੇਸ਼ਤਾਵਾਂ**

- JEE MAIN-2023: 11458 ਵਿਦਿਆਰਥੀਆਂ ਵਿੱਚੋਂ 4726 (41.25%) ਕੁਆਲੀਫਾਈ ਕੀਤੇ JEE Advanced-2023: 1228 (32.35%) ਵਿਦਿਆਰਥੀ ਕੁਆਲੀਫਾਈ ਕੀਤੇ।
- NEET-2023: 17809 (76.24%) ਵਿਦਿਆਰਥੀ ਕੁਆਲੀਫਾਈ ਕੀਤੇ।
- ਬੋਰਡ ਜਮਾਤ 10ਵੀਂ ਅਤੇ 12ਵੀਂ (2022-23) ਦਾ ਵਧੀਆ ਨਤੀਜਾ
  ਜਮਾਤ 10ਵੀਂ: 99.14% ਜਮਾਤ 12ਵੀਂ: 97.51%
- ਹਰ ਸਾਲ UPSC ਪ੍ਰੀਖਿਆ ਰਾਹੀ ਲਗਭਗ 25 ਨਵੋਦਿਆ ਵਿਦਿਆਲਿਆ ਸਮਿਤੀ ਦੇ ਸਾਬਕਾ ਵਿਦਿਆਰਥੀਆਂ ਦੀ ਚੋਣ।

## ਜਮਾਤ 11ਵੀਂ

**ਯੋਗਤਾ**

- ਉਮੀਦਵਾਰ ਨੇ ਅਕਾਦਮਿਕ ਸੈਸ਼ਨ 2023-24(ਅਪ੍ਰੈਲ-2023 ਤੋਂ ਮਾਰਚ-2024 ਸੈਸ਼ਨ)/ 2023(ਜਨਵਰੀ ਤੋਂ ਦਸੰਬਰ-2023 ਸੈਸ਼ਨ) ਦੌਰਾਨ ਉਸੇ ਜ਼ਿਲ੍ਹੇ ਦੇ ਕਿਸੇ ਸਰਕਾਰੀ / ਸਰਕਾਰੀ ਮਾਨਤਾ ਪ੍ਰਾਪਤ ਸਕੂਲ ਤੋਂ ਦਸਵੀਂ ਜਮਾਤ ਦੀ ਪੜ੍ਹਾਈ ਕੀਤੀ ਹੋਣੀ ਚਾਹੀਦੀ ਹੈ, ਜਿੱਥੇ ਜਵਾਹਰ ਨਵੋਦਿਆ ਵਿਦਿਆਲਿਆ ਹੈ।
- ਜਨਮ 01.06.2007 ਤੋਂ 31.07.2009 ਤੱਕ (ਦੋਨੋਂ ਮਿਤੀਆਂ ਸਮੇਤ)

**ਸਲੈਕਸ਼ਨ ਟੈਸਟ (ਚੋਣ ਪ੍ਰੀਖਿਆ)**

- ਮਾਨਸਿਕ ਯੋਗਤਾ, ਅੰਗਰੇਜ਼ੀ, ਗਣਿਤ, ਵਿਗਿਆਨ, ਸਮਾਜਿਕ ਵਿਗਿਆਨ।
- OMR ਅਧਾਰਿਤ ਬਹੁ-ਵਿਕਲਪੀ ਪ੍ਰਸ਼ਨ-ਉੱਤਰ।
- ਦੋਭਾਸ਼ੀ ਪ੍ਰਸ਼ਨ ਪੱਤਰ (ਹਿੰਦੀ ਅਤੇ ਅੰਗਰੇਜ਼ੀ)
- ਸਿਲੇਬਸ (ਪਾਠ-ਕ੍ਰਮ) ਅਤੇ ਚੋਣ ਮਾਪਦੰਡ ਲਈ, ਕਿਰਪਾ ਕਰਕੇ ਨਵੋਦਿਆ ਵਿਦਿਆਲਿਆ ਸਮਿਤੀ ਦਾ ਨੋਟੀਫਿਕੇਸ਼ਨ ਵੇਖੋ।
- ਜੇਕਰ 10ਵੀਂ ਜਮਾਤ ਦੀ ਪੜ੍ਹਾਈ ਦਾ ਜ਼ਿਲ੍ਹਾ ਅਤੇ ਰਿਹਾਇਸ਼ ਇੱਕੋ ਹੈ, ਤਾਂ ਹੀ ਉਮੀਦਵਾਰ ਨੂੰ ਜ਼ਿਲ੍ਹਾ ਪੱਧਰੀ ਮੈਰਿਟ ਲਈ ਵਿਚਾਰਿਆ ਜਾਵੇਗਾ।

## ਜਮਾਤ 9ਵੀਂ

**ਯੋਗਤਾ**

- ਸਿਰਫ਼ ਉਹ ਉਮੀਦਵਾਰ ਜੋ ਜ਼ਿਲ੍ਹੇ ਦੇ ਪੱਕੇ ਵਸਨੀਕ ਹਨ ਅਤੇ ਅਕਾਦਮਿਕ ਸੈਸ਼ਨ 2023-24 ਵਿੱਚ ਅੱਠਵੀਂ ਜਮਾਤ ਵਿੱਚ ਪੜ੍ਹ ਰਹੇ ਹਨ, ਉਸੇ ਜ਼ਿਲ੍ਹੇ ਦੇ ਸਰਕਾਰੀ / ਸਰਕਾਰੀ ਮਾਨਤਾ ਪ੍ਰਾਪਤ ਸਕੂਲ ਵਿੱਚ ਜਿੱਥੇ ਜੇ.ਐਨ.ਵੀ. ਸਥਿਤ ਹੈ, ਉੱਥੇ ਹੀ ਉਹ ਦਾਖਲਾ ਲੈ ਸਕਦੇ ਹਨ।
- ਉਮੀਦਵਾਰ ਦੀ ਜਨਮ ਮਿਤੀ 01.05.2009 ਤੋਂ 31.07.2011 (ਦੋਨੋਂ ਮਿਤੀਆਂ ਸਮੇਤ) ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਹ SC/ST/OBC ਸ਼੍ਰੇਣੀਆਂ ਦੇ ਉਮੀਦਵਾਰਾਂ ਸਮੇਤ ਸਾਰੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ 'ਤੇ ਲਾਗੂ ਹੁੰਦਾ ਹੈ।

**ਸਲੈਕਸ਼ਨ ਟੈਸਟ (ਚੋਣ ਪ੍ਰੀਖਿਆ)**

- ਹਿੰਦੀ, ਅੰਗਰੇਜ਼ੀ, ਗਣਿਤ ਅਤੇ ਵਿਗਿਆਨ।
- OMR ਅਧਾਰਿਤ ਬਹੁ-ਵਿਕਲਪੀ ਪ੍ਰਸ਼ਨ-ਉੱਤਰ।
- ਦੋਭਾਸ਼ੀ ਪ੍ਰਸ਼ਨ ਪੱਤਰ (ਹਿੰਦੀ ਅਤੇ ਅੰਗਰੇਜ਼ੀ)।
- ਸਿਲੇਬਸ (ਪਾਠ-ਕ੍ਰਮ) ਅਤੇ ਚੋਣ ਮਾਪਦੰਡ ਲਈ, ਕਿਰਪਾ ਕਰਕੇ ਨਵੋਦਿਆ ਵਿਦਿਆਲਿਆ ਸਮਿਤੀ ਦਾ ਨੋਟੀਫਿਕੇਸ਼ਨ ਵੇਖੋ।

ਵੇਰਵਿਆਂ ਲਈ, ਕਿਰਪਾ ਕਰਕੇ ਨਵੋਦਿਆ ਵਿਦਿਆਲਿਆ ਸਮਿਤੀ ਦੀ ਵੈੱਬਸਾਈਟ www.navodaya.gov.in

ਵੱਲੋਂ ਜਾਰੀ ਕਰਤਾ : ਨਵੋਦਿਆ ਵਿਦਿਆਲਿਆ ਸਮਿਤੀ